# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਯਿਸੂ ਨੇ ਅੰਨ੍ਹੇ ਨੂੰ ਚੰਗਾ ਕੀਤਾ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen



ਕਹਾਣੀ 50 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਰਤਿਮਾਈ ਇੱਕ ਅੰਨ੍ਹਾ ਮਨੁੱਖ ਸੀ ਜਿਹੜਾ ਯਰੀਹੋ ਦੇ ਨੇੜੇ ਰਾਸਤੇ ਦੇ ਕਿਨਾਰੇ ਬੈਠ ਕੇ ਭੀਖ ਮੰਗਦਾ ਸੀ।



1

ਜਿਵੇਂ ਉਥੋਂ ਜਾਦੇ ਹੋਏ ਕੁਝ ਨਰਮ ਦਿਲ ਲੋਕਾਂ ਨੇ ਛੋਟੇ ਸਿੱਕੇ ਅਤੇ ਖਾਣੇ ਦੇ ਕੁਝ ਟੁਕੜੇ ਦਿੱਤੇ। ਬਰਤਿਮਾਈ ਕੰਮ ਨਹੀ ਕਰ ਸਕਦਾ ਸੀ ਕਿਉਂਕਿ ਉਹ ਅੰਨ੍ਹਾ ਸੀ।ਉਹ ਸਿਰਫ਼ ਭ਼ੀਖ ਮੰਗ ਸਕਦਾ ਸੀ।



2

ਇੱਕ ਦਿਨ, ਰਾਸਤਾ ਬੜਾ ਵਿਅਸਤ ਸੀ। ਬਰਤਿਮਾਈ ਨੇ ਬਹੁਤ ਸਾਰੇ ਪੈਰਾਂ ਦੀ ਆਵਾਜ ਸੁਣੀ।




ਕੁਝ ਅਸਧਾਰਨ ਹੋ ਰਿਹਾ ਸੀ। ਜਲਦ ਹੀ ਉਸ ਅੰਨ੍ਹੇ ਆਦਮੀ ਨੇ ਜਾਣ ਲਿਆ ਕੇ ਕੀ ਹੋ ਰਿਹਾ ਸੀ। ਯਿਸੂ ਨਾਸਰੀ ਨਗਰ ਵਿੱਚ ਸੀ। ਭੀੜ ਯਿਸੂ ਨੂੰ ਵੇਖਣ ਅਤੇ ਸੁਨਣ ਲਈ ਇਕੱਠੀ ਹੋਈ ਸੀ।






“ਯਿਸੂ, ਦਾਊਦ ਦੇ ਪੁੱਤਰ, ਮੇਰੇ ਉੱਤੇ ਦਯਾ ਕਰ!” ਬਰਤਿਮਾਈ ਕਿਉਂ ਚਿਲਾਇਆ? ਉਸਨੇ ਕਿਉਂ ਸੋਚਿਆ ਕੀ ਯਿਸੂ ਮੇਰੀ ਮਦਦ ਕਰੇਗਾ? ਸ਼ਾਇਦ ਉਸਨੇ ਸੁਣਿਆ ਯਿਸੂ ਨੇ ਦੂਸਰਿਆ ਨੂੰ ਚੰਗਾ ਕੀਤਾ ਸੀ।

5



ਕੁਝ ਬਹਿਰੇ, ਕੁਝ ਗੂੰਗੇਂ, ਕੁਝ ਅਪਾਹਿਜ ਅਤੇ ਕੁਝ ਉਸ ਦੇ ਵਾਗੂੰ ਅੰਨ੍ਹੇ ਸੀ। “ਦਾਊਦ ਦੇ ਪੁੱਤਰ ਮੇਰੇ ਉੱਤੇ ਦਯਾ ਕਰੋ,” ਬਰਤਿਮਾਈ ਵਾਰ - ਵਾਰ ਚਿਲਾਇਆ। ਉਸਦੀ ਆਵਾਜ ਆਸ਼ਾ ਨਾਲ ਭਰੀ ਸੀ।

6



ਬਰਤਿਮਾਈ ਨੂੰ ਇੱਕ ਗੱਲ ਨਿਸ਼ਚਿਤ ਸੀ। ਜੇਕਰ ਉਸਨੂੰ ਹੁਣ ਸਹਾਇਤਾ ਨਾ ਮਿਲੀ ਤਾਂ ਦੁਬਾਰਾ ਉਸਨੂੰ ਮੌਕਾ ਨਹੀ ਮਿਲੇਗਾ। ਯਿਸੂ ਕਦੀ ਵੀ ਇਸ ਰਾਸਤੇ ਤੇ ਦੁਬਾਰਾ ਨਹੀ ਆਵੇਗਾ।

7



ਬਰਤਿਮਾਈ ਨੇ ਯਿਸੂ ਕੋਲ ਪਹੁੰਚਣਾ ਸੀ। ਪਰ ਲੋਕ ਨਾ ਹਟੇ। “ਸ਼ ਸ਼ ਸ਼ ਸ਼ ਸ਼!” ਉਹਨਾਂ ਕਿਹਾ। ਉਹਨਾਂ ਨੇ ਉਸ ਨੂੰ ਚੁੱਪ ਰਹਿਣ ਦੀ ਚੇਤਾਵਨੀ ਦਿੱਤੀ।

8


ਪਰ ਬਰਤਿਮਾਈ ਚੁੱਪ ਨਾ ਰਿਹਾ।
ਉਹ ਚੀਕਦਾ ਹੀ ਰਿਹਾ। ਅਚਾਨਕ ਯਿਸੂ ਰੁਕ
ਗਿਆ! ਸੁਣਿਆ! ਹੁਕਮ ਦਿੱਤਾ ਕੀ ਉਸ ਅੰਨ੍ਹੇ
ਆਦਮੀ ਨੂੰ ਉਸ ਕੋਲ ਲਿਆਉਣ! “ਖੁਸ਼ ਹੋ
ਜਾਹ,” ਲੋਕਾਂ ਨੇ ਬਰਤਿਮਾਈ ਨੂੰ ਕਿਹਾ।
“ਖੜ੍ਹਾ ਹੋ ਜਾਹ। ਉਹ
ਤੈਨੂੰ ਬੁਲਾ ਰਿਹਾ ਹੈ।”
9


ਆਪਣਾ ਕੱਪੜਾ ਪਾਸੇ ਸੁੱਟਕੇ, ਬਰਤਿਮਾਈ ਖੜ੍ਹਾ ਹੋਇਆ ਅਤੇ ਯਿਸੂ
ਕੋਲ ਆਇਆ।
10


“ਤੂੰ ਕੀ ਚਾਹੁੰਦਾ ਹੈ ਕੀ ਮੈਂ ਤੇਰੇ ਲਈ
ਕਰਾਂ?” ਯਿਸੂ ਨੇ ਪੁੱਛਿਆ। ਤੁਸੀ
ਉਸਦਾ ਉੱਤਰ ਕਿਵੇਂ ਦਿਉਗੇ? ਕੀ ਤੁਸੀ
ਉਸ ਤੋਂ ਬਹੁਤ ਸਾਰੇ ਪੈਸੇ ਜਾਂ ਵਧੀਆ
ਨਵੇਂ ਕੱਪੜੇ ਮੰਗੋਗੇ? ਕੀ ਬਰਤਿਮਾਈ
ਇਹੀ ਚਾਹੁੰਦਾ ਸੀ?
11


ਨਹੀ, ਅੰਨ੍ਹੇ ਬਰਤਿਮਾਈ ਨੇ ਯਿਸੂ ਕੋਲੋਂ
ਸੋਨਾ ਜਾਂ ਵਧੀਆ ਕੱਪੜੇ ਨਹੀ ਮੰਗੇ। ਤੁਸੀ
ਜਾਣਦੇ ਹੋ ਕੇ ਉਹ ਕੀ
ਚਾਹੁੰਦਾ ਸੀ?
12


“ਪ੍ਰਭੂ, ਕੀ ਮੈਂ ਨਿਗਾਹ ਪਾ ਸਕਾਂ।” ਬਰਤਿਮਾਈ ਵੇਖਣਾ ਚਾਹੁੰਦਾ ਸੀ!
ਉਹ ਦਰਖ਼ਤਾਂ ਨੂੰ ਪੰਛੀਆਂ ਨੂੰ ਅਤੇ ਪਰਮੇਸ਼ਵਰ ਦੀ ਬਣਾਈ ਹੋਈ ਸੁੰਦਰ
ਰਚਨਾ ਨੂੰ ਵੇਖਣਾ ਚਾਹੁੰਦਾ ਸੀ।
13


ਉਹ ਵੇਖਣਾ ਚਾਹੁੰਦਾ ਸੀ ਕੀ ਉਹ ਆਪਣੀ ਦੇਖ ਭਾਲ ਕਰ ਸਕੇ ਅਤੇ
ਭਿਖਾਰੀ ਦੇ ਵਾਗੂੰ ਨਾ ਰਹੇ।ਤਦ ਯਿਸੂ ਨੇ ਬਰਤਿਮਾਈ ਨੂੰ ਕਿਹਾ: “ਤੂੰ
ਆਪਣੀ ਨਿਗਾਹ ਲੈ। ਤੇਰੇ ਵਿਸ਼ਵਾਸ਼ ਨੇ ਤੈਨੂੰ ਬਚਾਇਆ ਹੈ।”
14













ਯਿਸੂ ਨੇ ਅੰਨ੍ਹੇ ਨੂੰ ਚੰਗਾ ਕੀਤਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 10, ਲੂਕਾ ਦੀ ਇੰਜੀਲ 18,
ਯਹੂੰਨਾ ਦੀ ਇੰਜੀਲ 9

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।